ਦੇਸ਼ ਸੇਵਕ
ਚੰਡੀਗੜ੍ਹ, ਐਤਵਾਰ 29 ਅਗਸਤ, 1999

ਵਿਚਾਰ-ਚਰਚਾ —— ਗੁਰਸ਼ਰਨ ਸਿੰਘ

ਲੋਕ ਚੇਤਨਾ ਦੇ ਵਿਕਾਸ ਲਈ ਲੇਖਕਾਂ ਦੀ ਭੂਮਿਕਾ

1999 ਵੀਹਵੀਂ ਸਦੀ ਦਾ ਅਖੀਰਲਾ ਸਾਲ ਹੈ। ਇਸ ਸਾਲ ਵਿਚ ਹੁਣ ਅਕਤੂਬਰ ਦੇ ਮਹੀਨੇ ਵਿਚ ਨਵੀਂ ਸਰਕਾਰ ਕਾਇਮ ਹੋਵੇਗੀ ਲੋਕ ਚੇਤਨਾ ਦੇ ਵਿਕਾਸ ਵਿਚ ਚੋਣਾਂ ਦੀਆਂ ਹਾਂ-ਪੱਖੀ ਅਤੇ ਨਾਂਹ-ਪੱਖੀ ਦੋਨੋਂ ਕਿਸਮ ਦੀਆਂ ਭੂਮਿਕਾਵਾਂ ਹਨ। ਹਾਂ-ਪੱਖੀ ਭੂਮਿਕਾ ਇਹ ਹੈ ਕਿ ਇਹ ਚੋਣਾਂ ਲੋਕਾਂ ਨੂੰ ਕੁਝ ਸਵਾਲ ਪੁੱਛਣ 'ਤੇ ਜ਼ਰੂਰ ਮਜਬੂਰ ਕਰਦੀਆਂ ਹਨ।

ਇਹ ਸਵਾਲ ਆਪਣੇ ਆਪ ਨੂੰ ਵੀ ਸੰਬੋਧਨ ਹੁੰਦੇ ਹਨ ਤੇ ਦੇਸ਼ ਦਾ ਵਰਤਾਰਾ ਚਲਾਉਣ ਵਾਲੇ ਆਗੂਆਂ ਨੂੰ ਵੀ ਸੰਬੋਧਨ ਹੁੰਦੇ ਹਨ। ਨਾਂ-ਪੱਖੀ ਭੂਮਿਕਾ ਇਹ ਕਹੀ ਜਾ ਸਕਦੀ ਹੈ ਕਿ ਇਹ ਚੋਣਾਂ ਲੋਕਾਂ ਨੂੰ ਮਾਯੂਸੀ ਦੀ ਦਸ਼ਾ ਵਿਚ ਪਾ ਦੇਂਦੀਆਂ ਹਨ। 'ਕੁਝ ਨਹੀਂ ਹੋਣਾ' ਦਾ ਰਵੱਈਆ ਲੋਕਾਂ ਵਿਚ ਪੈਦਾ ਹੁੰਦਾ ਹੈ। ਵਾਅਦੇ, ਨਾਅਰੇ, ਲਾਰੇ ਸਭ ਝੂਠੇ ਹੀ ਸਾਬਤ ਹੁੰਦੇ ਹਨ। ਇਹਨਾਂ ਚੋਣਾਂ ਦੇ ਸਬੰਧ ਵਿਚ ਹੀ ਲੇਖਕਾਂ ਅਤੇ ਬੁੱਧੀਜੀਵੀਆਂ ਦੀ ਇਕ ਭੂਮਿਕਾ ਹੁੰਦੀ ਹੈ ਕਿ ਉਹ ਵਰਤਮਾਨ ਵਰਤਾਰੇ ਵਾਲੇ ਫਲਸਫੇ ਦੇ ਤੌਰ 'ਤੇ ਆਪਣੀਆਂ ਟਿੱਪਣੀਆਂ ਕਰਦੇ ਹਨ। ਇਹ ਫਲਸਫ਼ਾ ਰਾਜਸੀ ਵੀ ਹੋ ਸਕਦਾ ਹੈ ਅਤੇ ਸਮਾਜਿਕ ਵੀ ਹੋ ਸਕਦਾ ਹੈ। ਇਸ ਵਿਚਾਰ-ਚਰਚਾ ਵਿਚ ਅਸੀਂ ਉਹਨਾਂ ਤਿੰਨ ਲੇਖਕਾਂ ਦਾ ਜ਼ਿਕਰ ਕਰ ਰਹੇ ਹਾਂ, ਜਿਹਨਾਂ ਨੇ ਇਸ ਸਦੀ ਵਿਚ ਪੰਜਾਬ ਦੇ ਜਨਸਧਾਰਨ ਦੀ ਚੇਤਨਾ ਦੇ ਵਿਕਾਸ ਦੇ ਅਮਲ ਵਿਚ ਅਸਰ ਪਾਇਆ ਹੈ। ਇਹ ਤਿੰਨ ਲੇਖਕ ਹਨ, ਭਾਈ ਵੀਰ ਸਿੰਘ ਜੀ, ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਸੁਰੇਂਦਰ ਹੇਮਜਿਉਤੀ। ਪਹਿਲੇ ਦੋ ਲੇਖਕਾਂ ਬਾਰੇ ਅਕਾਦਮਿਕ ਹਲਕਿਆਂ ਵਿਚ ਬਹੁਤ ਚਰਚਾ ਹੋਈ ਹੈ ਪਰ ਸੁਰੇਂਦਰ ਹੇਮਜਿਉਤੀ ਦੀ ਦੇਣ ਬਾਰੇ ਹਾਲੇ ਖੁੱਲ੍ਹ ਕੇ ਚਰਚਾ ਨਹੀਂ ਹੋਈ। ਇਸ ਵਿਚਾਰ-ਚਰਚਾ ਵਿਚ ਮੁੱਖ ਤੌਰ 'ਤੇ ਇਹ ਚਰਚਾ ਕੀਤੀ ਜਾ ਰਹੀ ਹੈ।

ਭਾਈ ਵੀਰ ਸਿੰਘ ਜੀ ਦੀ ਪਹੁੰਚ ਸਮਾਜ ਸੁਧਾਰ ਲਈ ਅਧਿਆਤਮਿਕ ਪਹੁੰਚ ਹੈ। ਉਹਨਾਂ ਦੀਆਂ ਲਿਖਤਾਂ ਦਾ ਨਿਚੋੜ ਹੈ ਕਿ ਬੰਦਾ ਰੱਬ ਦੀ ਭਗਤੀ ਨਾਲ ਜੁੜਕੇ ਕੁਝ ਹਾਸਲ ਕਰ ਸਕਦਾ ਹੈ। ਉਹਨਾਂ ਨੇ ਭਗਤੀ ਮਾਰਗ ਦੀ ਚੋਣ ਵਿਚ ਸਿੱਖ ਧਰਮ ਦੇ ਦੱਸੇ ਹੋਏ ਮਾਰਗ ਦੀ ਚੋਣ ਕੀਤੀ ਅਤੇ ਉਸਦੇ ਪ੍ਰਚਾਰ ਲਈ ਨਾਵਲ ਨਾਟਕ, ਕਵਿਤਾ ਲਿਖੀ। ਇਸੇ ਸੰਦਰਭ ਵਿਚ ਉਹਨਾਂ ਦੀਆਂ ਉੱਤਮ ਸਿਰਜਕ ਕਿਰਤਾਂ ਨੂੰ ਵੇਖ ਕੇ ਉਹਨਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਮੋਢੀ ਕਿਹਾ ਜਾ ਸਕਦਾ ਹੈ। ਇਸੇ ਸਿਲਸਿਲੇ ਵਿਚ ਅੱਗੇ 1930-60 ਦਾ ਦੌਰ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਦੌਰ ਹੈ। ਉਹਨਾਂ ਨੇ ਪੰਜਾਬ ਦੇ ਲੋਕਾਂ ਨੂੰ ਆਧੁਨਿਕ ਵਿਗਿਆਨਕ ਅਤੇ ਤਰਕਸ਼ੀਲਤਾ ਦੀ ਸੋਚ ਨਾਲ ਜੋੜਿਆ। ਉਹਨਾਂ ਨੇ ਆਪਣੀ ਸ਼ਕਤੀਸ਼ਾਲੀ ਲਿਖਣ ਸ਼ੈਲੀ ਨਾਲ ਤਿੰਨ ਦਹਾਕਿਆਂ ਤੋਂ ਵੱਧ ਪੰਜਾਬ ਦੇ ਲੇਖਕਾਂ ਨੂੰ ਪ੍ਰਭਾਵਿਤ ਕੀਤਾ। ਉਹਨਾਂ ਨੇ ਬਹੁਤ ਹੱਦ ਤੱਕ ਸਮਾਂ ਵਿਹਾਅ ਚੁੱਕੀ ਪ੍ਰੰਪਰਾ ਨੂੰ ਰੱਦ ਕੀਤਾ। 1970 ਦੇ ਨੇੜਲੇ ਸਾਲਾਂ ਵਿਚ ਸੁਰੇਂਦਰ ਹੇਮਜਿਉਤੀ ਦਾ ਨਾਂ ਆਉਂਦਾ ਹੈ ਜਿਸਨੇ ਪੰਜਾਬ ਦੇ ਲੋਕਾਂ ਨੂੰ ਪਰੰਪਰਾ ਨੂੰ ਰੱਦ ਕਰਦਿਆਂ ਬਗਾਵਤ ਦਾ ਰਾਹ ਦੱਸਿਆ।

ਸੁਰੇਂਦਰ ਹੇਮਜਿਉਤੀ ਦੀ ਦੇਣ ਬਾਰੇ ਹਾਲੇ ਤੱਕ ਪੂਰੀ ਤਰ੍ਹਾਂ ਮੁਲਾਂਕਣ ਨਹੀਂ ਹੋਇਆ ਕਿਉਂਕਿ ਯੂਨੀਵਰਸਿਟੀਆਂ ਵਿਚ ਹਾਲੇ ਤੱਕ ਉਹ ਮਾਹੌਲ ਨਹੀਂ ਬਣ ਸਕਿਆ ਕਿ ਰਵਾਇਤਾਂ ਤੋਂ ਹਟਕੇ ਕੋਈ ਵੱਖਰੀ ਗੱਲ ਪੜ੍ਹਾਉਣ ਜਾਂ ਖੋਜ ਕਰਨ ਦਾ ਹੀਆ ਕੀਤਾ ਜਾ ਸਕੇ, ਪਰ ਇਹ ਕੰਮ ਹੁਣ ਪਿਛਲੇ ਪੰਜ ਸਾਲਾਂ ਤੋਂ ਹੇਮਜਿਉਤੀ ਯਾਦਗਾਰੀ ਕਮੇਟੀ ਨੇ ਆਪਣੇ ਜ਼ਿੰਮੇ ਲਿਆ ਹੈ। ਹੇਮ ਜਿਉਤੀ ਚੋਣਵੀਆਂ ਲਿਖਤਾਂ ਪਹਿਲੇ ਇਕ ਸੈਂਚੀ ਵਿਚ ਛਾਪਿਆ ਗਿਆ ਹੈ ਜਿਹਨਾਂ ਦੀ ਸੰਪਾਦਨਾ ਅਤਰਜੀਤ ਨੇ ਕੀਤੀ। ਹੁਣ ਹੇਮਜਿਉਤੀ ਦੀਆਂ ਚੋਣਵੀਆਂ ਕਹਾਣੀਆਂ ਨੂੰ ਵੀ ਇਕ ਕਿਤਾਬੀ ਰੂਪ ਵਿਚ ਛਾਪਿਆ ਗਿਆ ਹੈ। ਸੁਰੇਂਦਰ ਹੇਮਜਿਉਤੀ ਦਾ ਸਾਰਿਆਂ ਨਾਲੋਂ ਵੱਡਾ ਫ਼ਿਕਰ ਸਾਹਿਤ ਨੂੰ ਲੋਕਾਂ ਨਾਲ ਜੋੜਣ ਦਾ ਸੀ। ਉਸ ਦੀਆਂ ਕੁਝ ਲਿਖਤਾਂ ਸੰਖੇਪ ਵਿਚ ਇਥੇ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਉਹਦੀ ਦੇਣ ਬਾਰੇ ਕੁਝ ਪਛਾਣ ਹੋ ਸਕੇ।

ਸਾਹਿਤ ਲੋਕਾਂ ਦੀ ਜ਼ਿੰਦਗੀ ਅਤੇ ਮਨੁੱਖੀ ਪੀੜਾ ਤੋਂ ਅੱਖਾਂ ਮੀਟ ਕੇ ਕਾਫ਼ੀ—ਕੈਫ਼ੇ ਹਾਊਸਾਂ, ਪੱਬਾਂ ਅਤੇ ਬੰਦ ਕਮਰਿਆਂ ਦਾ ਸ਼ਿੰਗਾਰ ਹੋ ਕੇ ਰਹਿ ਗਿਆ ਹੈ। ਪ੍ਰਯੋਗਵਾਦ ਦੀ ਛਾਇਆ ਨਾਲ ਗ੍ਰਹਿਣੇ ਇਸ ਮਾਹੌਲ ਨੂੰ ਕ੍ਰਾਂਤੀਕਾਰੀ ਦਿਸ਼ਾ ਦੇਣ ਦਾ ਹੇਮਜਿਉਤੀ ਵੱਲੋਂ ਮੁੱਢਲਾ ਸਾਰਥਕ ਉਪਰਾਲਾ ਕੀਤਾ ਜਾ ਰਿਹਾ ਹੈ।

• ਅਸੀਂ ਲਿਖਤਾਂ ਦੇਣੀਆਂ ਨੇ 'ਉਹ' ਜਿਹਨਾਂ ਨੂੰ ਪੜ੍ਹਕੇ ਬੰਦਾ ਫੇਰ ਸੌਂ ਨਾ ਸਕੇ। ਜਿਹੜੇ ਲੋਕ ਲਿਖਦੇ ਨੇ, ਉਹਨਾਂ ਨੂੰ ਕਹਿ ਦਿਓ ਕਿ ਉਹ ਆਮ ਲੋਕਾਂ ਲਈ ਲਿਖਣ। ਉਹ ਇਉਂ ਲਿਖਣ ਕਿ ਅੱਖਰ ਮਘਦੇ ਹੋਣ, ਤਾਂ ਕਿ ਲੋਕ ਆਪਣੇ ਪੱਖ ਲਈ ਮਰਨ ਨੂੰ ਤਿਆਰ ਹੋ ਜਾਣ।

• ਬਦ ਨਿਜ਼ਾਮ ਦੀ ਹਮੇਸ਼ਾ ਇਹ ਕੋਸ਼ਿਸ਼ ਹੁੰਦੀ ਹੈ ਕਿ ਲੇਖਕ ਲੋਕ ਆਵਾਜ਼ ਨਾ ਬਣ ਸਕਣ।

• ਕਵੀ ਦਰਬਾਰਾਂ ਨੂੰ, ਸਾਹਿਤਕ ਮੀਟਿੰਗਾਂ ਨੂੰ ਅਸੀਂ ਹੁਣ ਹੋਰ ਸਿਗਰਟਾਂ ਦੇ ਧੂੰਏ ਤੇ ਸ਼ਰਾਬ ਦੀ ਬਦਬੂ ਵਿਚ ਨਹੀਂ ਡੋਬਣਾ, ਸਗੋਂ ਲੋਕ ਹਿੱਤਾਂ ਲਈ ਇਹਨਾਂ ਨੂੰ ਸਰਗਰਮ ਲੀਹਾਂ 'ਤੇ ਤੋਰਨਾ ਹੈ।

• ਲੋਕਾਂ ਨੂੰ ਤਰਸ ਦਾ ਪਾਤਰ ਨਾ ਬਣਾਓ, ਉਹਨਾਂ ਨੂੰ ਤੁਹਾਡੇ ਕਾਗਜ਼ੀ ਹੰਝੂਆਂ ਦੀ ਲੋੜ ਨਹੀਂ।

• ਜ਼ਫਰਨਾਮਾ ਸੌਖੀ ਬੋਲੀ ਵਿਚ ਲੋਕਾਂ ਨੂੰ ਅਸੀਂ ਦੇਣਾ ਹੈ। ਸਾਡੇ ਕੋਲ ਤਾਂ ਹਾਲੇ ਆਪਣਾ ਕੋਈ ਸਾਂਝਾ ਲੋਕ ਗੀਤ ਵੀ ਨਹੀਂ।

• ਸਾਡੇ ਕੋਲ ਲੋਕ ਸਾਹਿਤ ਅਤੇ ਲੋਕ ਸੰਗਰਾਮ ਦਾ ਭਰਪੂਰ ਵਿਰਸਾ ਹੈ। ਗੁਰੂ ਗੋਬਿੰਦ ਸਿੰਘ ਨੇ ਇਸਦੀ ਪਿੜ ਪਾਈ ਹੈ। ਸਾਡੇ ਇਕ ਹੱਥ ਵਿਚ ਕਲਮ, ਦੂਸਰੇ ਵਿਚ ਸੀਸ ਤਲੀ 'ਤੇ। ਅਸੀਂ ਇਨਕਲਾਬ ਲਈ ਜੀਣਾ ਹੈ, ਇਨਕਲਾਬ ਲਈ ਮਰਨਾ ਹੈ।

• ਆਓ ਅਸੀਂ ਕਲਮ ਦੀ ਆਵਾਜ਼ ਨੂੰ ਖੇਤਾਂ ਵੱਲ ਲੈ ਚਲੀਏ, ਪਿੰਡਾਂ ਦੀਆਂ ਜੂਹਾਂ ਵਿਚ ਲੈ ਵੜੀਏ। ਆਓ, ਅਸੀਂ ਆਪਣੀਆਂ ਨਜ਼ਮਾਂ ਨੂੰ ਪਿੰਡਾਂ ਦੀਆਂ ਕੰਧਾਂ ਨਾਲ ਚਿਪਕਾ ਦੇਈਏ।

• ਚੇਤੰਨ ਲੇਖਕਾਂ ਦਾ ਫਰਜ਼ ਹੈ, ਉਹ ਲੋਕਾਂ ਨੂੰ ਹੱਕ ਲਈ ਜੀਣ ਦੀ ਪ੍ਰੇਰਣਾ ਦੇਣ।

ਹੇਮ ਜਿਉਤੀ ਦੇ ਦੱਸੇ ਰਾਹ 'ਤੇ ਚੱਲਣਾ ਲੋਕ ਪੱਖੀ ਲੇਖਕਾਂ ਦਾ ਫਰਜ਼ ਹੈ।